ਯੂਕ੍ਰੇਨੀ ਹਮਲਿਆਂ ਨਾਲ ਰੂਸ ਦੀ ਆਇਲ ਰਿਫਾਇਨਿੰਗ ਸਮਰੱਥਾ ਪ੍ਰਭਾਵਿਤ

ਕੀਵ, 5 ਅਕਤੂਬਰ (ਏਜੰਸੀ)-ਯੂਕ੍ਰੇਨ ਨੇ ਕਿਹਾ ਕਿ ਲੰਬੀ ਦੂਰੀ ਦੇ ਡਰੋਨ ਹਮਲਿਆਂ ਨੇ ਰੂਸ ਦੀ ਘੱਟੋ ਘੱਟ ਤੇਲ ਸੋਧਣ ਦੀ ਸਮਰੱਥਾ ਨੂੰ ਠੱਪ ਕਰ ਦਿੱਤਾ ਹੈ। ਯੂਕ੍ਰੇਨ ਦਾ ਦਾਅਵਾ ਕੀਤਾ ਕਿ ਇਸ ਨਾਲ ਰੂਸ ਦੀ ਫੌਜ ਦੀ ਤੇਲ ਸਪਲਾਈ ਦੀ ਸਮਰੱਥਾ ਵੀ ਪ੍ਰਭਾਵਿਤ ਹੋਈ ਹੈ। ਰੱਖਿਆ ਮੰਤਰਾਲੇ ਨੇ ਐਤਵਾਰ ਨੂੰ ਕਿਹਾ ਕਿ ਮਾਸਕੋ, ਯਾਰੋਸਲਾਵ, ਉਸਤ-ਲੂਗਾ, ਪਰਮ, ਸੇਰਾਤੋਵ ਅਤੇ ਕਿਸ਼ਤਾਨ ਸਮੇਤ ਕਈ ਸ਼ਹਿਰਾਂ ਵਿਚ ਤੇਲ ਰਿਫਾਇਨਰੀਆਂ 'ਤੇ ਹਾਲ ਹੀ ਵਿਚ ਕੀਤੇ ਗਏ ਹਮਲਿਆਂ ਨਾਲ ਰੂਸ ਦੀ 51 ਫੀਸਦੀ ਤੇਲ ਸੋਧਣ ਦੀ ਸਮਰੱਥਾ ਠੱਪ ਹੋ ਗਈ ਹੈ। ਇਸ ਦਾਅਵੇ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ।

ਇਕ ਬਿਆਨ ਮੁਤਾਬਕ 1200 ਕਿਲੋਮੀਟਰ ਲੰਬੀ ਫਰੰਟ ਲਾਈਨ 'ਤੇ ਲੜਾਈ ਵਿਚ ਕਾਫ਼ੀ ਹੱਦ ਤੱਕ ਰੋਕ ਦੇ ਵਿਚਾਲੇ ਮਾਸਕੋ ਅਤੇ ਕੀਵ ਦੋਵਾਂ ਨੇ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ। ਯੂਕ੍ਰੇਨ ਦੀ ਫੌਜ ਨੇ ਮਾਸਕੋ ਤੋਂ ਲੈ ਕੇ ਸਾਈਬੇਰੀਆ ਤੱਕ ਤੇਲ ਰਿਫਾਇਨਰੀਆਂ 'ਤੇ ਵਾਰ-ਵਾਰ ਹਮਲੇ ਕੀਤੇ ਹਨ।

ਇਨ੍ਹਾਂ ਹਮਲਿਆਂ ਕਾਰਨ ਇਸ ਸਾਲ ਦੀ ਸ਼ੁਰੂਆਤ ਵਿਚ ਰੂਸ ਵਿਚ ਵੱਡੇ ਪੱਧਰ 'ਤੇ ਈਂਧਨ ਸੰਕਟ ਪੈਦਾ ਹੋ ਗਿਆ ਸੀ, ਜਿਸ ਦੀ ਵਜ੍ਹਾ ਨਾਲ ਅਧਿਕਾਰੀਆਂ ਨੂੰ ਪੈਟਰੋਲ ਦੀ ਵਿਕਰੀ ਸੀਮਤ ਕਰਨੀ ਪਈ ਸੀ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀਰਵਾਰ ਨੂੰ ਸਵੀਕਾਰ ਕੀਤਾ ਕਿ ਇਨ੍ਹਾਂ ਹਮਲਿਆਂ ਕਾਰਨ ਰੂਸ ਵਿਚ ਈਂਧਨ ਦੀ ਸਪਲਾਈ ਵਿਚ ਥੋੜ੍ਹੀ ਕਮੀ ਆਈ ਹੈ।

ਨਾਈਜੀਰੀਆ ਵਿਚ 32 ਲੋਕਾਂ ਨੂੰ ਲੈ ਕੇ ਜਾ ਰਿਹਾ ਫ਼ੌਜੀ ਜਹਾਜ਼ ਹਾਦਸਾਗ੍ਰਸਤ

ਓਂਡੋ, 5 ਅਕਤੂਬਰ (ਏਜੰਸੀ)-ਦੱਖਣੀ ਨਾਈਜੀਰੀਆ ਵਿਚ 25 ਯਾਤਰੀਆਂ ਅਤੇ ਚਾਲਕ ਦਲ ਦੇ 7 ਮੈਂਬਰਾਂ ਨੂੰ ਲੈ ਕੇ ਜਾ ਰਿਹਾ ਇਕ ਫ਼ੌਜੀ ਜਹਾਜ਼ ਐਤਵਾਰ ਨੂੰ ਹਾਦਸਾਗ੍ਰਸਤ ਹੋ ਗਿਆ। ਉਨ੍ਹਾਂ ਦੱਸਿਆ ਕਿ ਹਾਦਸੇ ਤੋਂ ਬਾਅਦ ਬਚਾਅ ਮੁਹਿੰਮ ਸ਼ੁਰੂ ਕੀਤੀ ਗਈ। ਨਾਈਜੀਰੀਆ ਦੇ ਐਵੀਏਸ਼ਨ ਮੰਤਰੀ ਫੈਸਟਸ ਕੇਯਾਮੋ ਨੇ ਇਕ ਬਿਆਨ ਵਿਚ ਦੱਸਿਆ ਕਿ ਦੇਸ਼ ਦੀ ਆਰਥਿਕ ਰਾਜਧਾਨੀ ਲਾਗੋਸ ਜਾ ਰਿਹਾ ਜਹਾਜ਼ ਓਂਡੋ ਸੂਬੇ ਦੇ ਇਕਬੋਕੇਨ ਇਲਾਕੇ ਵਿਚ ਹਾਦਸਾਗ੍ਰਸਤ ਹੋ ਗਿਆ। ਤੁਰੰਤ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਸ ਹਾਦਸੇ ਵਿਚ ਕਿਸੇ ਦਾ ਜਾਨੀ ਨੁਕਸਾਨ ਹੋਇਆ ਹੈ ਜਾਂ ਨਹੀਂ ਅਤੇ ਜਹਾਜ਼ ਨੂੰ ਕਿੰਨਾ ਨੁਕਸਾਨ ਪਹੁੰਚਿਆ ਹੈ।

ਚੀਨ ਲਈ ਤਾਈਵਾਨ ਦੇ ਰਾਸ਼ਟਰਪਤੀ ਦੇ ਪਰਿਵਾਰ ਦੀ ਜਾਸੂਸੀ ਦੇ ਦੋਸ਼ ਹੇਠ ਔਰਤ ਗ੍ਰਿਫ਼ਤਾਰ

ਬੋਸਟਨ, 5 ਅਕਤੂਬਰ (ਏਜੰਸੀ)-ਐੱਫ. ਬੀ. ਆਈ. ਨੇ ਲਾਸ ਏਂਜਲਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ 'ਤੇ ਚੀਨ ਲਈ ਤਾਈਵਾਨ ਦੇ ਰਾਸ਼ਟਰਪਤੀ ਦੇ ਪਰਿਵਾਰ ਦੀ ਜਾਸੂਸੀ ਕਰਨ ਦਾ ਦੋਸ਼ ਹੈ। ਐੱਫ.ਬੀ.ਆਈ. ਦੇ ਅਨੁਸਾਰ, ਵਾਸ਼ਿੰਗਟਨ ਵਾਸੀ ਝਾਂਗ ਯੂਫ਼ ਨੇ ਅਮਰੀਕਾ ਵਿਚ ਰਹਿੰਦਿਆਂ ਚੀਨੀ ਸਰਕਾਰ ਲਈ ਤਾਈਵਾਨ ਦੇ ਰਾਸ਼ਟਰਪਤੀ ਦੇ ਪੁੱਤਰ ਅਤੇ ਉਨ੍ਹਾਂ ਦੇ ਪਰਿਵਾਰ 'ਤੇ ਨਜ਼ਰ ਰੱਖੀ। ਅਮਰੀਕਾ ਦੇ ਸਹਾਇਕ ਅਟਾਰਨੀ ਬਿਲ ਐਸੇਲੀ ਨੇ ਸੋਸ਼ਲ ਮੀਡੀਆ 'ਤੇ ਦੱਸਿਆ ਕਿ 34 ਸਾਲਾ ਝਾਂਗ ਨੂੰ ਚੀਨ ਲਈ ਇਕ ਗੈਰ-ਰਜਿਸਟਰਡ ਏਜੰਟ ਵਜੋਂ ਕੰਮ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਝਾਂਗ ਨੇ ਆਪਣੇ ਟੀਚੇ ਦੀਆਂ ਤਸਵੀਰਾਂ ਅਤੇ ਵੀਡੀਓਜ਼ ਬਣਾਈਆਂ ਅਤੇ ਉਨ੍ਹਾਂ ਦੇ ਵਾਹਨਾਂ ਦੇ ਨੰਬਰਾਂ ਦੀ ਜਾਣਕਾਰੀ ਚੀਨੀ ਅਧਿਕਾਰੀਆਂ ਨੂੰ ਭੇਜੀ। ਝਾਂਗ ਨੂੰ ਚੀਨ ਜਾਣ ਵਾਲੀ ਇਕ ਉਡਾਣ ਵਿਚ ਸਵਾਰ ਹੋਣ ਤੋਂ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ। ਉਸ ਦੀ ਕੌਮੀਅਤ ਸਪੱਸ਼ਟ ਨਹੀਂ ਹੋ ਸਕੀ ਹੈ ਅਤੇ ਉਸ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਦਾ ਤੁਰੰਤ ਪਤਾ ਨਹੀਂ ਚੱਲ ਸਕਿਆ। ਉਸ ਨੂੰ ਸੋਮਵਾਰ ਨੂੰ ਲਾਸ ਏਂਜਲਸ ਦੀ ਸੰਘੀ ਅਦਾਲਤ ਵਿਚ ਪੇਸ਼ ਕੀਤਾ ਜਾਣਾ ਸੀ।

ਤਾਈਵਾਨ ਦੇ ਰਾਸ਼ਟਰਪਤੀ ਦਫ਼ਤਰ ਨੇ ਪੁਸ਼ਟੀ ਕੀਤੀ ਕਿ ਰਾਸ਼ਟਰਪਤੀ ਲਾਈ ਚਿੰਗ-ਤੇ ਦੇ ਰਿਸ਼ਤੇਦਾਰ ਨਿਸ਼ਾਨਾ ਬਣਾਏ ਗਏ ਸਨ, ਹਾਲਾਂਕਿ ਉਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਨ੍ਹਾਂ ਵਿਚ ਰਾਸ਼ਟਰਪਤੀ ਦੇ ਪੁੱਤਰ ਸ਼ਾਮਲ ਸਨ ਜਾਂ ਨਹੀਂ।

ਕਿਊਬਾ ਨੇ ਭਾਰਤੀ ਕੰਪਨੀਆਂ ਨੂੰ ਦਿੱਤਾ ਖੇਤੀ ਦਾ ਸੱਦਾ, ਕਿਹਾ-ਜ਼ਮੀਨ ਸਾਡੀ, ਉਤਪਾਦਨ ਤੁਹਾਡਾ

ਨਵੀਂ ਦਿੱਲੀ, 5 ਅਕਤੂਬਰ (ਇੰਟ.)-ਅਮਰੀਕੀ ਨਾਕਾਬੰਦੀ ਕਾਰਨ ਭੋਜਨ ਅਤੇ ਊਰਜਾ ਸੰਕਟ ਨਾਲ ਜੂਝ ਰਹੇ ਕਿਊਬਾ ਨੇ ਭਾਰਤੀ ਕੰਪਨੀਆਂ ਨੂੰ ਆਪਣੇ ਦੇਸ਼ ਵਿਚ ਖੇਤੀ ਕਰਨ ਦਾ ਸੱਦਾ ਦਿੱਤਾ ਹੈ। ਕਿਊਬਾ ਨੇ ਭਾਰਤੀ ਕੰਪਨੀਆਂ ਨੂੰ ਚੌਲ, ਬੀਨਜ਼ ਅਤੇ ਗੰਨੇ ਦੀ ਖੇਤੀ ਲਈ ਜ਼ਮੀਨ ਮੁਹੱਈਆ ਕਰਵਾਉਣ ਦਾ ਪ੍ਰਸਤਾਵ ਰੱਖਿਆ ਹੈ। ਕਿਊਬਾ ਦਾ ਕਹਿਣਾ ਹੈ ਕਿ ਇੱਥੇ ਪੈਦਾ ਕੀਤੀ ਫਸਲ ਦੀ ਵਰਤੋਂ ਘਰੇਲੂ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਦੂਜੇ ਦੇਸ਼ਾਂ ਨੂੰ ਬਰਾਮਦ ਕਰਨ ਲਈ ਵੀ ਕੀਤੀ ਜਾ ਸਕਦੀ ਹੈ।

‘ਮਿਲ ਕੇ ਉਤਪਾਦਨ ਕਰੀਏ’

ਭਾਰਤ ਵਿਚ ਕਿਊਬਾ ਦੇ ਰਾਜਦੂਤ ਜੁਆਨ ਕਾਰਲੋਸ ਮਾਰਸਾਨ ਅਗੁਇਲੇਰਾ ਨੇ ਕਿਹਾ ਕਿ ਜੇ ਕਿਊਬਾ ਕੋਲ ਭਾਰਤ ਤੋਂ ਆਯਾਤ ਕਰਨ ਲਈ ਲੋੜੀਂਦੀ ਵਿੱਤੀ ਸਮਰੱਥਾ ਨਹੀਂ ਹੈ, ਤਾਂ ਦੋਵੇਂ ਦੇਸ਼ ਮਿਲ ਕੇ ਉਤਪਾਦਨ ਕਿਉਂ ਨਾ ਕਰਨ। ਉਨ੍ਹਾਂ ਕਿਹਾ ਕਿ ਕਿਊਬਾ ਭਾਰਤੀ ਕੰਪਨੀਆਂ ਨੂੰ ਜ਼ਮੀਨ ਮੁਹੱਈਆ ਕਰਵਾ ਸਕਦਾ ਹੈ ਅਤੇ ਕੰਪਨੀਆਂ ਉੱਥੇ ਜਾ ਕੇ ਚੌਲ, ਬੀਨਜ਼ ਅਤੇ ਗੰਨੇ ਦਾ ਉਤਪਾਦਨ ਕਰ ਸਕਦੀਆਂ ਹਨ। ਉਤਪਾਦਨ ਦਾ ਇਕ ਹਿੱਸਾ ਦੂਜੇ ਬਾਜ਼ਾਰਾਂ ਵਿਚ ਬਰਾਮਦ ਵੀ ਕੀਤਾ ਜਾ ਸਕਦਾ ਹੈ।

ਭਾਰਤ-ਕਿਊਬਾ ਵਪਾਰ ਵਿਚ 31 ਫੀਸਦੀ ਵਾਧਾ

ਭਾਰਤ ਅਤੇ ਕਿਊਬਾ ਵਿਚਾਲੇ ਰਵਾਇਤੀ ਤੌਰ 'ਤੇ ਦੋਸਤਾਨਾ ਸਬੰਧ ਰਹੇ ਹਨ। 1959 ਦੀ ਕ੍ਰਾਂਤੀ ਤੋਂ ਬਾਅਦ ਕਿਊਬਾ ਦੀ ਸਰਕਾਰ ਨੂੰ ਮਾਨਤਾ ਦੇਣ ਵਾਲੇ ਸ਼ੁਰੂਆਤੀ ਦੇਸ਼ਾਂ ਵਿਚ ਭਾਰਤ ਸ਼ਾਮਲ ਸੀ ਅਤੇ 1960 'ਚ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਸਬੰਧ ਸਥਾਪਤ ਹੋਏ ਸਨ। ਵਣਜ ਅਤੇ ਉਦਯੋਗ ਮੰਤਰਾਲੇ ਦੇ ਅੰਕੜਿਆਂ ਅਨੁਸਾਰ 2025-26 ਵਿਚ ਦੋਵਾਂ ਦੇਸ਼ਾਂ ਵਿਚਾਲੇ ਵਪਾਰ 31 ਫੀਸਦੀ ਵਧ ਕੇ 2.43 ਕਰੋੜ ਡਾਲਰ ਹੋ ਗਿਆ, ਜੋ ਇਕ ਸਾਲ ਪਹਿਲਾਂ 1.85 ਕਰੋੜ ਡਾਲਰ ਸੀ।

ਊਰਜਾ ਖੇਤਰ ਵਿਚ ਵੀ ਭਾਰਤ ਤੋਂ ਸਹਿਯੋਗ ਚਾਹੁੰਦਾ ਹੈ ਕਿਊਬਾ

ਅਗੁਇਲੇਰਾ ਨੇ ਕਿਹਾ ਕਿ ਕਿਊਬਾ ਹੁਣ ਊਰਜਾ ਦੇ ਮਾਮਲੇ ਵਿਚ ਆਤਮਨਿਰਭਰ ਬਣਨ ਦੀ ਦਿਸ਼ਾ ਵਿਚ ਕੰਮ ਕਰ ਰਿਹਾ ਹੈ। ਪਹਿਲਾਂ ਦੇਸ਼ ਆਪਣੀਆਂ ਊਰਜਾ ਲੋੜਾਂ ਲਈ 80 ਫੀਸਦੀ ਤੋਂ ਵੱਧ ਤੇਲ ਅਤੇ ਈਂਧਨ ਦੀ ਦਰਾਮਦ 'ਤੇ ਨਿਰਭਰ ਸੀ। ਹੁਣ ਕਿਊਬਾ ਸੂਰਜੀ ਊਰਜਾ ਨੂੰ ਮੁੱਖ ਸਰੋਤ ਬਣਾਉਣ ਦੀ ਤਿਆਰੀ ਕਰ ਰਿਹਾ ਹੈ। ਇਸ ਤੋਂ ਇਲਾਵਾ ਪੌਣ ਊਰਜਾ, ਹਾਈਡ੍ਰੋਪਾਵਰ, ਹਾਈਡ੍ਰੋਜਨ ਅਤੇ ਹੋਰ ਨਵਿਆਉਣਯੋਗ ਊਰਜਾ ਖੇਤਰਾਂ ਵਿਚ ਵੀ ਨਿਵੇਸ਼ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਕਿਊਬਾ ਕੋਲ ਇਨ੍ਹਾਂ ਖੇਤਰਾਂ ਵਿਚ ਤਜਰਬਾ ਹੈ ਅਤੇ ਕਿਊਬਾ ਭਾਰਤੀ ਕੰਪਨੀਆਂ ਲਈ ਆਪਣਾ ਊਰਜਾ ਖੇਤਰ ਖੋਲ੍ਹ ਰਿਹਾ ਹੈ।

ਅਮਰੀਕੀ ਪਾਬੰਦੀਆਂ ਨਾਲ ਵਧਿਆ ਸੰਕਟ

ਅਗੁਇਲੇਰਾ ਦੇ ਅਨੁਸਾਰ ਅਮਰੀਕਾ ਦੀ ਸਖ਼ਤ ਹੁੰਦੀ ਨਾਕਾਬੰਦੀ ਦਾ ਅਸਰ ਆਮ ਕਿਊਬਾਈ ਲੋਕਾਂ 'ਤੇ ਪੈ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਵੈਨੇਜ਼ੁਏਲਾ ਅਤੇ ਮੈਕਸੀਕੋ ਤੋਂ ਕਿਊਬਾ ਨੂੰ ਮਿਲਣ ਵਾਲੀ ਤੇਲ ਦੀ ਸਪਲਾਈ ਵੀ ਬੰਦ ਹੋ ਗਈ ਹੈ ਅਤੇ ਮੌਜੂਦਾ ਹਾਲਾਤ ਵਿਚ ਕੋਈ ਦੂਜਾ ਦੇਸ਼ ਕਿਊਬਾ ਨੂੰ ਤੇਲ ਵੇਚਣ ਵਿਚ ਸਮਰੱਥ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਬੰਦੀਆਂ ਨਾਲ ਦਵਾਈਆਂ ਅਤੇ ਡਾਕਟਰੀ ਉਪਕਰਨਾਂ ਦੀ ਉਪਲੱਬਧਤਾ ਪ੍ਰਭਾਵਿਤ ਹੋਈ ਹੈ। ਰਾਜਦੂਤ ਨੇ ਦਾਅਵਾ ਕੀਤਾ ਕਿ ਅਮਰੀਕੀ ਪਾਬੰਦੀਆਂ ਤੋਂ ਪਹਿਲਾਂ ਕਿਊਬਾ ਵਿਚ ਪ੍ਰਤੀ 100 ਨਵਜੰਮੇ ਬੱਚਿਆਂ 'ਤੇ ਬਾਲ ਮੌਤ ਦਰ ਲੱਗਭਗ 4 ਸੀ, ਜੋ ਹੁਣ ਵਧ ਕੇ 10 ਤੋਂ ਵੱਧ ਗਈ ਹੈ। ਉਨ੍ਹਾਂ ਕਿਹਾ ਕਿ ਯੋਗ ਦਵਾਈਆਂ ਅਤੇ ਡਾਕਟਰੀ ਉਪਕਰਨ ਉਪਲੱਬਧ ਨਾ ਹੋਣ ਕਾਰਨ ਲੋਕਾਂ ਦੀ ਜਾਨ ਜਾ ਰਹੀ ਹੈ।

ਅਮਰੀਕੀ ਹਵਾਈ ਫੌਜ ਨੇ ਬ੍ਰਿਟੇਨ ਦੇ ਫੌਜੀ ਅੱਡੇ ਤੋਂ ਸਾਰੇ ਬੰਬਾਰ ਜਹਾਜ਼ ਵਾਪਸ ਬੁਲਾਏ

ਵਾਸ਼ਿੰਗਟਨ, 5 ਅਕਤੂਬਰ (ਏਜੰਸੀ)-ਇੰਗਲੈਂਡ ਸਥਿਤ ਅਮਰੀਕੀ ਫੌਜੀ ਅੱਡੇ ਆਰ. ਏ. ਐੱਫ. ਫੇਅਰਫੋਰਡ ਨੂੰ ਨਿਸ਼ਾਨਾ ਬਣਾਉਣ ਦੇ ਕਥਿਤ ਅੱਤਵਾਦੀ ਹਮਲੇ ਦੀ ਸਾਜ਼ਿਸ਼ ਦੀ ਜਾਂਚ ਦੇ ਵਿਚਾਲੇ ਅਮਰੀਕੀ ਹਵਾਈ ਫੌਜ ਨੇ ਉੱਥੇ ਤਾਇਨਾਤ ਆਪਣੇ ਸਾਰੇ ਬੰਬਾਰ ਜਹਾਜ਼ਾਂ ਨੂੰ ਵਾਪਸ ਅਮਰੀਕਾ ਬੁਲਾ ਲਿਆ ਹੈ। ਇਨ੍ਹਾਂ ਜਹਾਜ਼ਾਂ ਦੀ ਵਰਤੋਂ ਈਰਾਨ 'ਤੇ ਹਮਲੇ ਲਈ ਕੀਤੀ ਗਈ ਸੀ। ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫ਼ਤਰ ਪੈਂਟਾਗਨ ਦੇ ਇਕ ਅਧਿਕਾਰੀ ਨੇ ਨਾਂ ਨਾ ਉਜਾਗਰ ਕਰਨ ਦੀ ਸ਼ਰਤ 'ਤੇ ਐਤਵਾਰ ਨੂੰ ਦੱਸਿਆ ਕਿ ਇਨ੍ਹਾਂ ਬੰਬਾਰ ਜਹਾਜ਼ਾਂ ਨੂੰ ਅਮਰੀਕਾ ਵਿਚ ਇਨ੍ਹਾਂ ਦੇ ਅਸਲ ਟਿਕਾਣਿਆਂ 'ਤੇ ਵਾਪਸ ਭੇਜ ਦਿੱਤਾ ਗਿਆ ਹੈ।

ਇਹ ਘਟਨਾਕ੍ਰਮ ਅਜਿਹੇ ਸਮੇਂ ਹੋਇਆ ਹੈ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਈਰਾਨ ਦੇ ਖ਼ਿਲਾਫ਼ ਜੰਗ ਨੂੰ ਖ਼ਤਮ ਕਰਨ ਦੇ ਬਦਲਾਂ 'ਤੇ ਵਿਚਾਰ ਕਰ ਰਹੇ ਹਨ, ਜਿਨ੍ਹਾਂ ਵਿਚ ਨਵੇਂ ਹਮਲੇ ਕਰਨਾ ਵੀ ਸ਼ਾਮਲ ਹੈ। ਟਰੰਪ ਨੇ ਸ਼ਨੀਵਾਰ ਨੂੰ ਇਕ ਰੈਲੀ ਵਿਚ ਸ਼ਾਮਲ ਹੋਣ ਲਈ ਅਮਰੀਕੀ ਰਾਸ਼ਟਰਪਤੀ ਦੇ ਸਰਕਾਰੀ ਨਿਵਾਸ ਅਤੇ ਦਫ਼ਤਰ ਵ੍ਹਾਈਟ ਹਾਊਸ ਤੋਂ ਰਵਾਨਾ ਹੋਣ ਤੋਂ ਪਹਿਲਾਂ ਪੱਤਰਕਾਰਾਂ ਨੂੰ ਕਿਹਾ, "ਈਰਾਨ ਨੂੰ ਲੈ ਕੇ ਮੇਰੇ ਕੋਲ ਕਈ ਬਦਲ ਹਨ। ਈਰਾਨ ਤਬਾਹ ਹੋ ਚੁੱਕਾ ਹੈ ਅਤੇ ਹੁਣ ਸਵਾਲ ਇਹ ਹੈ ਕਿ ਅੱਗੇ ਸਾਡੇ ਕਦਮ ਕੀ ਹੋਣਗੇ।"

ਪਿਛਲੇ ਹਫ਼ਤੇ ਵਿਚ ਬ੍ਰਿਟੇਨ-ਈਰਾਨੀ ਨਾਗਰਿਕਤਾ ਵਾਲੇ ਇਕ ਵਿਅਕਤੀ ਨੂੰ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਦੇ ਸ਼ੱਕ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਗ੍ਰਿਫ਼ਤਾਰੀ ਆਰ. ਏ. ਐੱਫ. ਫੇਅਰਫੋਰਡ ਹਵਾਈ ਅੱਡੇ 'ਤੇ ਇਕ ਘਟਨਾ ਤੋਂ ਬਾਅਦ ਕੀਤੀ ਗਈ।

ਨਸ਼ਾ ਸਮੱਗਲਿੰਗ ਕਰਨ ਵਾਲੀ ਸ਼ੱਕੀ ਕਿਸ਼ਤੀ 'ਤੇ ਅਮਰੀਕੀ ਹਮਲਾ, 4 ਦੀ ਮੌਤ

ਵਾਸ਼ਿੰਗਟਨ : ਅਮਰੀਕੀ ਫੌਜ ਨੇ ਐਤਵਾਰ ਨੂੰ ਕੈਰੇਬੀਅਨ ਸਾਗਰ ਵਿਚ ਸ਼ੱਕੀ ਤੌਰ 'ਤੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਲਈ ਵਰਤੀ ਜਾਣ ਵਾਲੀ ਇਕ ਕਿਸ਼ਤੀ 'ਤੇ ਹਮਲਾ ਕੀਤਾ, ਜਿਸ ਵਿਚ 4 ਲੋਕਾਂ ਦੀ ਮੌਤ ਹੋ ਗਈ। ਇਹ ਕਾਰਵਾਈ ਲਾਤੀਨੀ ਅਮਰੀਕਾ ਵਿਚ ਕਥਿਤ ਨਸ਼ਾ ਅੱਤਵਾਦੀਆਂ ਖ਼ਿਲਾਫ਼ ਟਰੰਪ ਪ੍ਰਸ਼ਾਸਨ ਦੇ ਲੱਗਭਗ ਇਕ ਸਾਲ ਤੋਂ ਜਾਰੀ ਅਭਿਆਨ ਦਾ ਹਿੱਸਾ ਹੈ। ਇਸ ਹਮਲੇ ਦੇ ਨਾਲ ਹੀ ਸਤੰਬਰ 2025 ਤੋਂ ਅਮਰੀਕੀ ਫੌਜ ਵੱਲੋਂ ਅਜਿਹੀਆਂ ਕਾਰਵਾਈਆਂ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ ਘੱਟੋ-ਘੱਟ 235 ਹੋ ਗਈ ਹੈ।

'ਯੂ. ਐੱਸ. ਸਦਰਨ ਕਮਾਂਡ' ਨੇ ਇਕ ਬਿਆਨ ਵਿਚ ਕਿਹਾ ਕਿ ਕਿਸ਼ਤੀ ਨੂੰ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਦੇ ਰਸਤੇ 'ਤੇ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ, ਫੌਜ ਨੇ ਇਹ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਦਿੱਤਾ ਕਿ ਕਿਸ਼ਤੀ ਵਿਚ ਨਸ਼ੀਲੇ ਪਦਾਰਥ ਲੈ ਜਾਏ ਜਾ ਰਹੇ ਸਨ। ਇਸ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ ਕੀਤੀ ਗਈ ਵੀਡੀਓ ਵਿਚ ਚੱਲਦੀ ਹੋਈ ਇਕ ਕਿਸ਼ਤੀ ਨੂੰ ਧਮਾਕੇ ਵਿਚ ਤਬਾਹ ਹੁੰਦੇ ਦਿਖਾਇਆ ਗਿਆ।

ਪਿੱਠ ਦਰਦ ਦਾ ਕਰਦੇ ਰਹੇ ਇਲਾਜ, ਬਾਅਦ 'ਚ ਸਾਹਮਣੇ ਆਇਆ ਕੈਂਸਰ, ਅਦਾਲਤ ਨੇ ਡਾਕਟਰਾਂ 'ਤੇ ਠੋਕਿਆ 5 ਲੱਖ ਜੁਰਮਾਨਾ

ਨਵੀਂ ਦਿੱਲੀ, 5 ਅਕਤੂਬਰ (ਇੰਟ.)-ਕੈਂਸਰ ਦਾ ਪੁਰਾਣਾ ਇਤਿਹਾਸ ਹੋਣ ਦੇ ਬਾਵਜੂਦ ਮਰੀਜ਼ ਦੀ ਬੀਮਾਰੀ ਦੀ ਸਮੁੱਚੀ ਜਾਂਚ ਨਾ ਕਰਨਾ ਡਾਕਟਰਾਂ ਨੂੰ ਭਾਰੀ ਪੈ ਗਿਆ। ਰਾਸ਼ਟਰੀ ਖਪਤਕਾਰ ਵਿਵਾਦ ਨਿਵਾਰਣ ਕਮਿਸ਼ਨ ਨੇ ਇਕ ਮਾਮਲੇ ਵਿਚ ਮੰਨਿਆ ਕਿ ਡਾਕਟਰਾਂ ਨੇ ਮਰੀਜ਼ ਦੀ ਕੈਂਸਰ ਹਿਸਟਰੀ ਨੂੰ ਨਜ਼ਰ-ਅੰਦਾਜ਼ ਕਰ ਕੇ ਲੱਗਭਗ 7 ਮਹੀਨਿਆਂ ਤੱਕ ਉਸ ਨੂੰ ਪਿੱਠ ਦੀ ਆਮ ਸਮੱਸਿਆ ਮੰਨ ਕੇ ਇਲਾਜ ਕੀਤਾ। ਬਾਅਦ ਵਿਚ ਜਾਂਚ ਵਿਚ ਘਾਤਕ ਟਿਊਮਰ ਦਾ ਪਤਾ ਲੱਗਿਆ ਪਰ ਉਦੋਂ ਤੱਕ ਬੀਮਾਰੀ ਕਾਫ਼ੀ ਵਧ ਚੁੱਕੀ ਸੀ ਅਤੇ ਮਰੀਜ਼ ਨੂੰ ਸਿਰਫ਼ ਰਾਹਤ ਦੇਣ ਵਾਲਾ ਇਲਾਜ ਹੀ ਦਿੱਤਾ ਜਾ ਸਕਿਆ। ਕਮਿਸ਼ਨ ਨੇ ਆਰਥੋਪੈਡਿਕ ਸਰਜਨ ਡਾ. ਸੰਜੀਵ ਪਟਨਾਇਕ ਅਤੇ ਨਿਊਰੋਸਰਜਨ ਡਾ. ਦੇਬਵ੍ਰਤ ਬਿਸਵਾਲ 'ਤੇ ਕੁੱਲ 5 ਲੱਖ ਰੁਪਏ ਦਾ ਜੁਰਮਾਨਾ ਲਾਇਆ ਹੈ।

ਮਾਮਲਾ ਓਡਿਸ਼ਾ ਦੀ ਜਯੋਤਸਨਾ ਮਹਾਪਾਤਰਾ ਦਾ ਹੈ, ਜੋ ਪਹਿਲਾਂ ਕੈਂਸਰ ਦਾ ਇਲਾਜ ਕਰਵਾ ਚੁੱਕੀ ਸੀ। ਜਨਵਰੀ 2013 ਵਿਚ ਉਸ ਨੂੰ ਪਿੱਠ ਦੇ ਖੱਬੇ ਹਿੱਸੇ ਵਿਚ ਤੇਜ਼ ਦਰਦ ਹੋਇਆ। ਪਰਿਵਾਰ ਦੇ ਡਾਕਟਰ ਨੇ ਪਿੱਠ ਦਾ ਮੈਗਨੇਟਿਕ ਰੈਜ਼ੋਨੈਂਸ ਇਮੇਜਿੰਗ (ਐੱਮ.ਆਰ.ਆਈ.) ਕਰਵਾਉਣ ਤੋਂ ਬਾਅਦ ਉਸ ਨੂੰ ਭੁਵਨੇਸ਼ਵਰ ਸਥਿਤ ਅਪੋਲੋ ਹਸਪਤਾਲ ਦੇ ਆਰਥੋਪੈਡਿਕ ਸਰਜਨ ਡਾ. ਸੰਜੀਵ ਪਟਨਾਇਕ ਕੋਲ ਭੇਜਿਆ। ਜਯੋਤਸਨਾ ਨੇ ਡਾਕਟਰ ਨੂੰ ਦੱਸਿਆ ਸੀ ਕਿ 1971 ਵਿਚ ਉਸ ਦੀ ਥਾਇਰਾਇਡ ਸਰਜਰੀ ਹੋਈ ਸੀ, 2002 ਵਿਚ ਬ੍ਰੈਸਟ ਕੈਂਸਰ ਦਾ ਇਲਾਜ ਹੋਇਆ ਅਤੇ 2009 ਵਿਚ ਐਂਡੋਮੈਟ੍ਰੀਅਲ ਕੈਂਸਰ ਕਾਰਨ ਬੱਚੇਦਾਨੀ ਕੱਢਣ ਦੀ ਸਰਜਰੀ ਹੋਈ ਸੀ। ਡਾਕਟਰੀ ਸਲਾਹ 'ਤੇ ਜਯੋਤਸਨਾ ਨੂੰ 23 ਜੁਲਾਈ, 2013 ਨੂੰ ਅਪੋਲੋ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। 29 ਜੁਲਾਈ ਨੂੰ ਉਸ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

ਹਸਪਤਾਲ ਵੀ ਮੰਨਿਆ ਗਿਆ ਜ਼ਿੰਮੇਵਾਰ

ਕਮਿਸ਼ਨ ਨੇ ਕਿਹਾ ਕਿ ਅਪੋਲੋ ਹਸਪਤਾਲ ਦੇ ਕਿਸੇ ਵੀ ਸਬੰਧਿਤ ਡਾਕਟਰ ਨੇ ਮਰੀਜ਼ ਦਾ ਸਮੁੱਚਾ ਡਾਕਟਰੀ ਮੁਲਾਂਕਣ ਨਹੀਂ ਕੀਤਾ ਅਤੇ ਜ਼ਰੂਰੀ ਸਾਵਧਾਨੀ ਨਹੀਂ ਵਰਤੀ। 17 ਸਤੰਬਰ, 2026 ਨੂੰ ਪ੍ਰਧਾਨ ਏ. ਪੀ. ਸ਼ਾਹੀ ਦੀ ਅਗਵਾਈ ਵਾਲੇ ਬੈਂਚ ਵੱਲੋਂ ਫ਼ੈਸਲਾ ਸੁਣਾਇਆ ਗਿਆ। ਕਮਿਸ਼ਨ ਨੇ ਡਾ. ਸੰਜੀਵ ਪਟਨਾਇਕ ਨੂੰ 3 ਲੱਖ ਅਤੇ ਡਾ. ਦੇਬਵ੍ਰਤ ਬਿਸਵਾਲ ਨੂੰ 2 ਲੱਖ ਰੁਪਏ ਦੇਣ ਦਾ ਹੁਕਮ ਦਿੱਤਾ। ਹਸਪਤਾਲ ਨੂੰ ਦੋਵਾਂ ਡਾਕਟਰਾਂ 'ਤੇ ਲਾਏ ਗਏ ਮੁਆਵਜ਼ੇ ਦੇ ਭੁਗਤਾਨ ਲਈ ਸਾਂਝੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਗਿਆ। ਕਮਿਸ਼ਨ ਨੇ ਮੁਆਵਜ਼ੇ ਦੇ ਭੁਗਤਾਨ ਲਈ ਦੋ ਮਹੀਨਿਆਂ ਦਾ ਸਮਾਂ ਦਿੱਤਾ ਹੈ। ਦੇਰੀ ਹੋਣ 'ਤੇ ਪੂਰੀ ਰਕਮ 'ਤੇ 6 ਫ਼ੀਸਦੀ ਸਾਲਾਨਾ ਵਿਆਜ ਦੇਣਾ ਪਵੇਗਾ। ਇਸ ਤੋਂ ਇਲਾਵਾ 5,000 ਰੁਪਏ ਮੁਕੱਦਮੇ ਦੇ ਖਰਚੇ ਦੇ ਰੂਪ ਵਿਚ ਵੀ ਦੇਣ ਦਾ ਹੁਕਮ ਦਿੱਤਾ ਗਿਆ ਹੈ।

ਪੁੱਤਰ ਨੇ ਮੰਗਿਆ ਸੀ 10 ਕਰੋੜ ਦਾ ਮੁਆਵਜ਼ਾ

ਸਤੰਬਰ 2013 ਵਿਚ ਕਰਵਾਈ ਗਈ ਸੀ.ਟੀ. ਸਕੈਨ ਜਾਂਚ ਵਿਚ ਹੱਡੀਆਂ ਦੇ ਖਤਮ ਹੋਣ, ਲਿੰਫ ਨੋਡਜ਼ ਦੇ ਵਧਣ ਅਤੇ ਖੱਬੇ ਗੁਰਦੇ ਵਿਚ ਹਾਈਡ੍ਰੋਨੇਫ੍ਰੋਸਿਸ ਦਾ ਪਤਾ ਚੱਲਿਆ। ਨੋਡਲ ਬਾਇਓਪਸੀ ਵਿਚ ਪੁਸ਼ਟੀ ਹੋਈ ਕਿ ਵਧੀ ਹੋਈ ਗੰਢ ਜਾਂ ਲਿੰਫ ਨੋਡ ਹਾਈ-ਗ੍ਰੇਡ ਮੈਲੀਗਨੈਂਟ ਨਿਊਪਲਾਜ਼ਮ ਕਾਰਨ ਸੀ। ਇਸ ਤੋਂ ਬਾਅਦ ਜਯੋਤਸਨਾ ਨੂੰ ਕਟਕ ਦੇ ਇਕ ਕੈਂਸਰ ਸੈਂਟਰ ਵਿਚ ਦਾਖਲ ਕਰਵਾਇਆ ਗਿਆ। ਉੱਥੇ ਐੱਮ. ਆਰ. ਆਈ. ਦੇ ਆਧਾਰ 'ਤੇ ਡਾਕਟਰਾਂ ਨੇ ਪਾਇਆ ਕਿ ਗੰਢ ਇੰਨੀ ਵੱਡੀ ਹੋ ਚੁੱਕੀ ਸੀ ਕਿ ਉਸ ਨੂੰ ਕੱਢਣਾ ਸੰਭਵ ਨਹੀਂ ਸੀ। ਉਸ ਨੂੰ ਮੋਰਫ਼ੀਨ ਦੇ ਨਾਲ ਪੈਲੀਏਟਿਵ ਰੇਡੀਓਥੈਰੇਪੀ ਦਿੱਤੀ ਗਈ। 21 ਮਾਰਚ, 2014 ਨੂੰ ਉਸ ਦੀ ਮੌਤ ਹੋ ਗਈ। ਇਸ ਤੋਂ ਬਾਅਦ ਜਯੋਤਸਨਾ ਦੇ ਪੁੱਤਰ ਦੇਬਾਸ਼ੀਸ਼ ਦਾਸ ਨੇ ਗਲਤ ਡਾਇਗਨੋਸਿਸ ਅਤੇ ਇਲਾਜ ਲਈ 10 ਕਰੋੜ ਰੁਪਏ ਮੁਆਵਜ਼ੇ ਦੀ ਮੰਗ ਕੀਤੀ ਸੀ।

ਬ੍ਰਾਜ਼ੀਲ ਦੀਆਂ ਚੋਣਾਂ ਦੀ ਬਜਾਏ ਟਰੰਪ ਲੈਣ ਲੱਗ ਪਏ ਭਾਰਤ ਦਾ ਨਾਂ

ਕਿਹਾ-ਭਾਰਤ 'ਚ 125 ਕਰੋੜ ਲੋਕਾਂ ਨੇ ਪਾਈ ਵੋਟ

ਵਾਸ਼ਿੰਗਟਨ, 5 ਅਕਤੂਬਰ (ਏਜੰਸੀ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ 'ਚ ਪੋਲਿੰਗ ਪ੍ਰਕਿਰਿਆ ਦੀ ਕਈ ਵਾਰ ਸ਼ਲਾਘਾ ਕੀਤੀ ਹੈ। ਬ੍ਰਾਜ਼ੀਲ ਦੇ ਰਾਸ਼ਟਰਪਤੀ ਦੀ ਚੋਣ ਬਾਰੇ ਚਰਚਾ ਕਰਦੇ ਹੋਏ ਉਹ ਇਕ ਵਾਰ ਫਿਰ ਭੁੱਲ ਗਏ ਤੇ ਉਨ੍ਹਾਂ ਨੇ ਭਾਰਤ ਬਾਰੇ ਗੱਲ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ 'ਭਾਰਤ ਦੇ ਰਾਸ਼ਟਰਪਤੀ ਦੀ ਚੋਣ 'ਚ 125 ਕਰੋੜ ਲੋਕਾਂ ਨੇ ਵੋਟ ਪਾਈ।' ਉਨ੍ਹਾਂ ਅਮਰੀਕੀ ਪੋਲਿੰਗ ਪ੍ਰਣਾਲੀ 'ਤੇ ਵੀ ਸਵਾਲ ਉਠਾਏ। ਉਨ੍ਹਾਂ ਟਰੁੱਥ ਸੋਸ਼ਲ 'ਤੇ ਲਿਖਿਆ ਕਿ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਦੇ ਪਹਿਲੇ ਦੌਰ 'ਚ 125 ਕਰੋੜ ਲੋਕਾਂ ਨੇ ਵੋਟ ਪਾਈ। ਵੋਟਿੰਗ ਖ਼ਤਮ ਹੋਣ ਤੋਂ ਬਾਅਦ ਨਤੀਜੇ ਉਸੇ ਦਿਨ ਐਲਾਨ ਹੋਏ। ਟਰੰਪ ਨੇ ਅਮਰੀਕੀ ਰਾਸ਼ਟਰਪਤੀ ਦੀ ਚੋਣ ਦੀ ਤੁਲਨਾ ਕਰਦਿਆਂ ਕਿਹਾ ਕਿ ਫਿਲਾਡੈਲਫੀਆ ਤੇ ਕੈਲੀਫੋਰਨੀਆ ਵਰਗੀਆਂ ਥਾਵਾਂ 'ਤੇ ਵੋਟ ਪੈਣ ਦੇ ਬਾਅਦ ਵੀ ਵੋਟਾਂ ਦੀ ਗਿਣਤੀ ਕਰਨ 'ਚ ਕਈ ਹਫ਼ਤੇ ਲੱਗਦੇ ਹਨ।

ਭਾਰਤ 'ਚ ਪਿਛਲੇ ਦਿਨੀਂ ਰਾਸ਼ਟਰਪਤੀ ਦੀ ਚੋਣ ਨਹੀਂ ਹੋਈ। ਭਾਰਤ 'ਚ ਪਿਛਲੇ ਦਿਨੀਂ ਰਾਸ਼ਟਰਪਤੀ ਦੀ ਕੋਈ ਚੋਣ ਨਹੀਂ ਹੋਈ ਹੈ। ਦ੍ਰੋਪਦੀ ਮੁਰਮੂ ਨੇ ਜੁਲਾਈ 2022 'ਚ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਸੀ ਤੇ ਉਹ ਉਦੋਂ ਤੋਂ ਭਾਰਤ ਦੀ ਰਾਸ਼ਟਰਪਤੀ ਹਨ। ਇਸ ਤੋਂ ਇਲਾਵਾ ਭਾਰਤ 'ਚ ਰਾਸ਼ਟਰਪਤੀ ਦੀ ਚੋਣ ਸਿੱਧੇ ਤੌਰ 'ਤੇ ਨਹੀਂ ਕੀਤੀ ਜਾਂਦੀ। ਰਾਸ਼ਟਰਪਤੀ ਦੀ ਚੋਣ ਇਕ ਚੋਣ ਮੰਡਲ ਵੱਲੋਂ ਕੀਤੀ ਜਾਂਦੀ ਹੈ ਜਿਸ 'ਚ ਸੰਸਦ ਦੇ ਦੋਵਾਂ ਸਦਨਾਂ ਦੇ ਚੁਣੇ ਹੋਏ ਮੈਂਬਰ ਅਤੇ ਸੂਬਿਆਂ ਦੇ ਨਾਲ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰ ਸ਼ਾਮਲ ਹੁੰਦੇ ਹਨ। ਇਹ ਚੋਣ ਅਨੁਪਾਤਕ ਪ੍ਰਤੀਨਿਧਤਾ ਦੀ ਪ੍ਰਣਾਲੀ ਰਾਹੀਂ ਕੀਤੀ ਜਾਂਦੀ ਹੈ।

2024 ਦੀਆਂ ਲੋਕ ਸਭਾ ਚੋਣਾਂ 'ਚ ਭਾਰਤ 'ਚ ਲੱਗਭਗ 98 ਕਰੋੜ ਰਜਿਸਟਰਡ ਵੋਟਰ ਸਨ। ਟਰੰਪ ਪਹਿਲਾਂ ਵੀ ਅਮਰੀਕਾ 'ਚ ਚੋਣ ਸੁਧਾਰਾਂ ਦੀ ਵਕਾਲਤ ਕਰਦਿਆਂ ਭਾਰਤੀ ਚੋਣਾਂ ਖ਼ਾਸ ਕਰ ਕੇ ਵੋਟਰ ਦੀ ਤਸਦੀਕ ਦੀ ਪ੍ਰਣਾਲੀ ਦੀ ਤਾਰੀਫ਼ ਕਰ ਚੁੱਕੇ ਹਨ।

ਬ੍ਰਾਜ਼ੀਲ 'ਚ ਰਾਸ਼ਟਰਪਤੀ ਦੀ ਚੋਣ ਹੋਈ ਹੈ ਪਰ ਪਹਿਲੇ ਦੌਰ 'ਚ ਕਿਸੇ ਨੂੰ ਵੀ ਬਹੁਮਤ ਨਹੀਂ ਮਿਲਿਆ। ਅਜਿਹੀ ਸਥਿਤੀ 'ਚ, ਹੁਣ 25 ਅਕਤੂਬਰ ਨੂੰ 'ਰਨ-ਆਫ' ਚੋਣਾਂ ਹੋਣਗੀਆਂ।

ਡੋਨਾਲਡ ਟਰੰਪ ਨੇ 125 ਕਰੋੜ ਲੋਕਾਂ ਦਾ ਜ਼ਿਕਰ ਕੀਤਾ ਹੈ। ਅਜਿਹਾ ਲੱਗਦਾ ਹੈ ਕਿ ਉਹ ਬ੍ਰਾਜ਼ੀਲ 'ਚ ਪਾਈਆਂ ਗਈਆਂ ਜਾਇਜ਼ ਵੋਟਾਂ ਬਾਰੇ ਉਲਝਣ 'ਚ ਸਨ ਤੇ ਤੇ ਇਸੇ ਉਲਝਣ 'ਚ ਉਨ੍ਹਾਂ ਭਾਰਤ ਦਾ ਜ਼ਿਕਰ ਕੀਤਾ। ਬ੍ਰਾਜ਼ੀਲ 'ਚ ਵੋਟਿੰਗ ਸ਼ਾਮ 5 ਵਜੇ ਖਤਮ ਹੋ ਗਈ ਤੇ ਉਸ ਸਮੇਂ ਨਤੀਜੇ ਆਉਣੇ ਸ਼ੁਰੂ ਹੋ ਗਏ। ਵੋਟਾਂ ਦੀ ਗਿਣਤੀ ਦੇ ਨਾਲ-ਨਾਲ ਨਤੀਜਿਆਂ ਬਾਰੇ ਜਾਣਕਾਰੀ ਜਾਰੀ ਰਹੀ।

ਪੰਜਾਬ ਸਰਕਾਰ

ਟੈਂਡਰ/ਆਰ. ਐੱਫ. ਪੀ. ਰੈਫਰੈਂਸ ਨੰ. ਐੱਮ. ਸੀ. ਮੁਕੇਰੀਆਂ/2026-27/2, ਮਿਤੀ : 01.10.2026

ਵਿਭਾਗ, ਸਥਾਨਕ ਸਰਕਾਰ, ਐੱਮ. ਸੀ. ਮੁਕੇਰੀਆਂ ਟੈਂਡਰਾਂ/ਆਰ. ਐੱਫ. ਪੀ. (ਸਿਵਲ ਕੰਮ ਤੇ ਸਪਲਾਈ) ਲਈ ਆਨਲਾਈਨ ਬੋਲੀਆਂ ਦਾ ਸੱਦਾ ਦਿੰਦਾ ਹੈ।

ਸ਼ੁਰੂ ਹੋਣ ਦੀ ਮਿਤੀ ਤੇ ਸਮਾਂ : 01.10.2026 ਸਵੇਰੇ 10 ਵਜੇ

ਬੰਦ ਹੋਣ ਦੀ ਮਿਤੀ ਤੇ ਸਮਾਂ : 14.10.2026 ਸ਼ਾਮ 5 ਵਜੇ

ਵਿਸਤ੍ਰਿਤ ਜਾਣਕਾਰੀ ਲਈ ਲਾਗਇਨ ਕਰੋ : http://eproc.punjab.gov.in

ਨੋਟ : ਟੈਂਡਰ/ਆਰ. ਐੱਫ. ਪੀ. ਨੋਟਿਸ ਸਬੰਧੀ ਕੋਈ ਸੋਧ (†) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਦਿੱਤੀ ਜਾਵੇਗੀ।

ਸਹੀ/- ਪ੍ਰਧਾਨ, ਮਿਊਂਸੀਪਲ ਕੌਂਸਲ ਮੁਕੇਰੀਆਂ | ਸਹੀ/- ਕਾਰਜਕਾਰੀ ਅਧਿਕਾਰੀ, ਮਿਊਂਸੀਪਲ ਕੌਂਸਲ ਮੁਕੇਰੀਆਂ

PR/2345/12/2026-27/15835

ਪੰਜਾਬ ਸਕੂਲ ਸਿੱਖਿਆ ਬੋਰਡ

ਟੈਂਡਰ ਨੋਟਿਸ ਰੈਫਰੈਂਸ ਨੰ. ਪੀ. ਐੱਸ. ਈ. ਬੀ./ਪੀ. ਯੂ. ਬੀ./ਏ. ਬੀ.-02/2026

ਪੰਜਾਬ ਸਕੂਲ ਸਿੱਖਿਆ ਬੋਰਡ ਵਿਭਾਗ ਵਲੋਂ ਹੇਠ ਲਿਖੀ ਆਈਟਮ ਲਈ ਆਨਲਾਈਨ ਬੋਲੀਆਂ ਦਾ ਸੱਦਾ ਦਿੱਤਾ ਜਾਂਦਾ ਹੈ—

ਲੜੀ ਨੰ.	ਆਈਟਮ	ਮਾਤਰਾ
1	ਸਾਲ 2027 ਲਈ ਗਰੁੱਪ ਏ ਤੇ ਬੀ ਦੀਆਂ ਓ. ਐੱਮ. ਆਰ. ਸ਼ੀਟਾਂ ਸਮੇਤ ਉੱਤਰ ਪੁਸਤਕਾਂ ਦਾ ਨਿਰਮਾਣ, ਛਪਾਈ (ਪੇਪਰ ਸਮੇਤ) ਤੇ ਸਪਲਾਈ।	ਜ਼ਰੂਰਤ ਅਨੁਸਾਰ

ਬੰਦ ਹੋਣ ਦੀ ਮਿਤੀ ਤੇ ਸਮਾਂ : 27.10.2026 ਬਾ. ਦੁ. 1 ਵਜੇ

ਵਿਸਤ੍ਰਿਤ ਜਾਣਕਾਰੀ ਲਈ ਲਾਗਇਨ ਕਰੋ : www.pseb.ac.in

ਨੋਟ : ਟੈਂਡਰ ਨੋਟਿਸ ਸਬੰਧੀ ਕੋਈ ਸੋਧ (†) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਦਿੱਤੀ ਜਾਵੇਗੀ।

ਸਹੀ/- ਡਿਪਟੀ ਸੈਕ੍ਰੇਟਰੀ,

PR/1640/12/2026-27/15870 ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ. ਏ. ਐੱਸ. ਨਗਰ

Notice Inviting Bids
Punjab Waqf Board

The Punjab Waqf Board intends to lease out its following properties as per the Waqf Properties Lease Rules, 2020 through bids to be held on 13.10.2026 at 11:00 am onwards at the office of Punjab Waqf Board, Opp. Old Courts, Civil Lines, Ludhiana as under: -

1. Waqf property area measuring 10K-00M bearing Khasra no. 177 situated at Village Kasabad, Tehsil & District Ludhiana Reserve Price Rs. 3474/- P.K P.A for Agriculture purpose w.e.f. 01.07.2026 for 3 years i.e 2026-27 to 2028-29

The interested persons may contact Estate Officer, Punjab Waqf Board Ludhiana, at the above address. Remaining terms and conditions will be declared on the spot prior to the start of bidding process. **S/d- Estate Officer, Punjab Waqf Board, Ludhiana.**

ਰੂਸ ਵਿਚ ਫ਼ੈਲਿਆ ‘ਪਲੇਗ’, 200 ਲੋਕ ਇਕਾਂਤਵਾਸ

ਮਾਸਕੋ, 5 ਅਕਤੂਬਰ (ਇੰਟ.)-ਜੰਗ ਦੇ ਵਿਚਾਲੇ ਰੂਸ ਦੋਹਰੀ ਮਾਰ ਦਾ ਸਾਹਮਣਾ ਕਰਦਾ ਨਜ਼ਰ ਆ ਰਿਹਾ ਹੈ। ਖ਼ਬਰ ਹੈ ਕਿ ਦੇਸ਼ ਵਿਚ ਪਲੇਗ ਵਾਇਰਸ ਕਾਰਨ ਮੌਤਾਂ ਹੋਈਆਂ ਹਨ ਅਤੇ ਸਾਵਧਾਨੀ ਵਜੋਂ ਸੈਂਕੜੇ ਲੋਕਾਂ ਨੂੰ ਇਕਾਂਤਵਾਸ ਭੇਜਿਆ ਗਿਆ ਹੈ। ਖ਼ਾਸ ਗੱਲ ਇਹ ਹੈ ਕਿ ਇਸ ਦੇ ਨਾਲ ਹੀ ਦੇਸ਼ ਵਿਚ ਮਹਾਮਾਰੀ ਫ਼ੈਲਣ ਦਾ ਖ਼ਤਰਾ ਵਧ ਗਿਆ ਹੈ। ਹਾਲਾਂਕਿ, ਇਸ ਨੂੰ ਲੈ ਕੇ ਡਬਲਯੂ. ਐੱਚ. ਓ. ਭਾਵ ਵਿਸ਼ਵ ਸਿਹਤ ਸੰਗਠਨ ਜਾਂ ਰੂਸ ਸਰਕਾਰ ਵੱਲੋਂ ਅਧਿਕਾਰਤ ਤੌਰ 'ਤੇ ਕੁਝ ਨਹੀਂ ਕਿਹਾ ਗਿਆ ਹੈ।

28 ਸਾਲਾ ਡਾਰਿਆ ਸ਼ਿਪਿਲੋਵਾ ਦੀ ਕਥਿਤ ਤੌਰ 'ਤੇ ਪਲੇਗ ਕਾਰਨ ਮੌਤ ਹੋ ਗਈ ਹੈ। ਉਹ ਰੂਸ ਦੇ ਇਰਕੁਤਸਕ ਵਿਚ ਸਾਈਬੇਰੀਅਨ ਖੇਤਰ ਵਿਚ ਸਥਿਤ ਸ਼ੇਲੇਖੋਵ 'ਚ ਐਂਟੀ-ਪਲੇਗ ਰਿਸਰਚ ਇੰਸਟੀਚਿਊਟ ਵਿਚ ਕੰਮ ਕਰਦੀ ਸੀ। ਕਿਹਾ ਜਾ ਰਿਹਾ ਹੈ ਕਿ ਉਹ ਛੂਤ ਵਾਲੇ ਨਿਊਮੋਨਿਕ ਪਲੇਗ ਵਾਇਰਸ ਦੀ ਲਪੇਟ ਵਿਚ ਆ ਗਈ ਸੀ। ਖ਼ਬਰ ਹੈ ਕਿ ਉਹ ਟੈਸਟ ਟਿਊਬ ਦੇ ਟੁੱਟਣ ਕਾਰਨ ਇਸ ਦਾ ਸ਼ਿਕਾਰ ਹੋਈ। ਜੇ ਸਮੇਂ 'ਤੇ ਇਲਾਜ ਨਾ ਮਿਲੇ, ਤਾਂ ਇਹ ਜਾਨਲੇਵਾ ਸਾਬਤ ਹੋ ਸਕਦਾ ਹੈ।

ਜਿਨ੍ਹਾਂ 200 ਤੋਂ ਵੱਧ ਲੋਕਾਂ ਦੇ ਉਹ ਸੰਪਰਕ ਵਿਚ ਆਈ ਸੀ, ਉਨ੍ਹਾਂ ਸਾਰਿਆਂ ਨੂੰ ਇਕਾਂਤਵਾਸ ਭੇਜ ਦਿੱਤਾ ਗਿਆ ਹੈ। ਉੱਥੇ ਹੀ, ਇਲਾਕੇ ਵਿਚ ਜਨਤਕ ਪ੍ਰੋਗਰਾਮਾਂ 'ਤੇ ਵੀ ਰੋਕ ਲਾ ਦਿੱਤੀ ਗਈ ਹੈ।

ਕਾਂਗੋ ਨਦੀ 'ਚ 2 ਕਿਸ਼ਤੀਆਂ ਦੀ ਟੱਕਰ, 30 ਲੋਕਾਂ ਦੀ ਮੌਤ

ਕਿੰਸ਼ਾਸਾ, 5 ਅਕਤੂਬਰ (ਏਜੰਸੀ)-ਕਾਂਗੋ ਨਦੀ ਵਿਚ ਹਫ਼ਤੇ ਦੇ ਅਖੀਰ ਵਿਚ 2 ਕਿਸ਼ਤੀਆਂ ਵਿਚਾਲੇ ਹੋਈ ਟੱਕਰ 'ਚ ਘੱਟੋ-ਘੱਟ 30 ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਲੋਕ ਲਾਪਤਾ ਹਨ। ਕਾਂਗੋ ਦੇ ਸਥਾਨਕ ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।

ਸੂਬੇ ਦੇ ਗ੍ਰਹਿ ਮੰਤਰੀ ਕ੍ਰਿਸਪਿਨ ਮਪੁਤੂ ਦੇ ਅਨੁਸਾਰ, ਮੋਟਰ ਨਾਲ ਚੱਲਣ ਵਾਲੀਆਂ ਲੱਕੜ ਦੀਆਂ ਕਿਸ਼ਤੀਆਂ ਐਤਵਾਰ ਨੂੰ ਇਕਵੇਟਰ ਸੂਬੇ ਦੇ ਨਗੋਮਬੇ-ਲੁਕੋਲੇਲਾ ਇਲਾਕੇ ਦੇ ਨੇੜੇ ਇਕ-ਦੂਜੇ ਨਾਲ ਟਕਰਾਅ ਗਈਆਂ। ਟੱਕਰ ਦੇ ਕਾਰਨਾਂ ਦਾ ਤੁਰੰਤ ਪਤਾ ਨਹੀਂ ਚੱਲ ਸਕਿਆ ਹੈ।

ਮੰਤਰੀ ਨੇ ਦੱਸਿਆ ਕਿ ਹਾਦਸੇ ਵਿਚ ਮਾਰੇ ਗਏ 30 ਲੋਕਾਂ ਨੂੰ ਪਹਿਲਾਂ ਹੀ ਦਫ਼ਨਾ ਦਿੱਤਾ ਗਿਆ ਹੈ। ਮਪੁਤੂ ਨੇ ਦੱਸਿਆ ਕਿ ਇਕ ਕਿਸ਼ਤੀ ਉੱਤਰ-ਪੱਛਮ 'ਚ ਉਬਾਂਗੀ ਤੋਂ ਰਾਜਧਾਨੀ ਕਿੰਸ਼ਾਸਾ ਜਾ ਰਹੀ ਸੀ, ਜਦਕਿ ਦੂਜੀ ਕਿੰਸ਼ਾਸਾ ਤੋਂ ਲੁਕੋਲੇਲਾ ਜਾ ਰਹੀ ਸੀ ਜੋ ਟੱਕਰ ਵਾਲੀ ਜਗ੍ਹਾ ਦੇ ਕਾਫ਼ੀ ਨੇੜੇ ਹੈ। ਉਨ੍ਹਾਂ ਦੱਸਿਆ ਕਿ ਹੋਰ ਪੀੜਤਾਂ ਅਤੇ ਜ਼ਿੰਦਾ ਬਚੇ ਲੋਕਾਂ ਦੀ ਭਾਲ ਲਈ ਮੁਹਿੰਮ ਜਾਰੀ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ

ਟੈਂਡਰ ਨੋਟਿਸ ਰੈਫਰੈਂਸ ਨੰ. ਪੀ. ਐੱਸ. ਈ. ਬੀ./ਪੀ. ਯੂ. ਬੀ.-01/2026

ਪੰਜਾਬ ਸਕੂਲ ਸਿੱਖਿਆ ਬੋਰਡ ਵਿਭਾਗ ਵਲੋਂ ਹੇਠ ਲਿਖੀ ਆਈਟਮ ਲਈ ਆਨਲਾਈਨ ਬੋਲੀਆਂ ਦਾ ਸੱਦਾ ਦਿੱਤਾ ਜਾਂਦਾ ਹੈ—

ਲੜੀ ਨੰ.	ਆਈਟਮ	ਮਾਤਰਾ
1	ਪਹਿਲੀ ਤੋਂ 12ਵੀਂ ਜਮਾਤ ਲਈ ਪਾਠ-ਪੁਸਤਕਾਂ ਦੀ ਛਪਾਈ ਤੇ ਸਪਲਾਈ। (ਅਕਾਦਮਿਕ ਸੈਸ਼ਨ 2027-28)	ਜ਼ਰੂਰਤ ਅਨੁਸਾਰ

ਬੰਦ ਹੋਣ ਦੀ ਮਿਤੀ ਤੇ ਸਮਾਂ : 27.10.2026 ਬਾ. ਦੁ. 1 ਵਜੇ

ਵਿਸਤ੍ਰਿਤ ਜਾਣਕਾਰੀ ਲਈ ਲਾਗਇਨ ਕਰੋ : www.pseb.ac.in

ਨੋਟ : ਟੈਂਡਰ ਨੋਟਿਸ ਸਬੰਧੀ ਕੋਈ ਸੋਧ (†) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਦਿੱਤੀ ਜਾਵੇਗੀ।

ਸਹੀ/- ਡਿਪਟੀ ਸੈਕ੍ਰੇਟਰੀ,

PR/1640/12/2026-27/15871 ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ. ਏ. ਐੱਸ. ਨਗਰ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(Regd. Office PSEB Head Office, The Mall, Patiala) Corporate Identification Number: U40109PB2010SG033813 Website: www.pspcl.in (Contact No. 9646119170)

ਟੈਂਡਰ ਇਨਕੁਆਰੀ ਨੰ.: 37/CCM/LDH/2026-27 ਮਿਤੀ: 05.10.2026

ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਨਿਰਮਾਣ ਅਤੇ ਸੰਭਾਲ ਮੰਡਲ, ਕੋਠੀ ਨੰ: ਏ-2, ਪਾਵਰ ਕਾਲੋਨੀ ਨੰ:-1, ਫਿਰੋਜ਼ਪੁਰ ਰੋਡ, ਸਰਾਭਾ ਨਗਰ, ਪੀ.ਐੱਸ.ਪੀ.ਸੀ.ਐੱਲ., ਲੁਧਿਆਣਾ ਦੇ ਦਫਤਰ ਵੱਲੋਂ Major Repair of Washrooms of Offices 66 KV Sub Stations under O&M Division Millerganj under P&M Circle Ludhiana ਦਾ ਟੈਂਡਰ ਭਰਨ ਵਾਸਤੇ ਸੱਦਾ ਦਿੱਤਾ ਜਾ ਰਿਹਾ ਹੈ। ਇਸ ਦੀ ਵਧੇਰੇ ਜਾਣਕਾਰੀ ਵਾਸਤੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਨਿਰਮਾਣ ਅਤੇ ਸੰਭਾਲ ਮੰਡਲ ਲੁਧਿਆਣਾ, ਕੋਠੀ ਨੰ: ਏ-2 ਪਾਵਰ ਕਾਲੋਨੀ ਨੰ:-1 ਫਿਰੋਜ਼ਪੁਰ ਰੋਡ, ਸਰਾਭਾ ਨਗਰ, ਪੀ.ਐੱਸ.ਪੀ.ਸੀ.ਐੱਲ., ਲੁਧਿਆਣਾ ਨੂੰ ਸੰਪਰਕ ਕੀਤਾ ਜਾਵੇ।

ਨੋਟ:-ਕੋਰੀਜੰਡਮ ਅਤੇ ਜੋੜ (ਜੇਕਰ ਕੋਈ ਹੈ), https://pspcl.in 'ਤੇ ਅਪਲੋਡ ਕੀਤਾ ਜਾਵੇਗਾ।

C945/26 PR/1079/12/2026-27/15856

ਬਿਜਲੀ ਇਕ ਕੌਮੀ ਸਰਮਾਇਆ ਹੈ, ਇਸ ਦੀ ਲੋੜ ਅਨੁਸਾਰ ਵਰਤੋਂ ਕੀਤੀ ਜਾਵੇ।

ਮਿਊਂਸੀਪਲ ਕਾਰਪੋਰੇਸ਼ਨ ਚੰਡੀਗੜ੍ਹ

ਆਰ. ਐੱਫ. ਪੀ. ਨੋਟਿਸ

ਲੜੀ ਨੰ.	ਕੰਮ ਦਾ ਨਾਂ	ਬੋਲੀ ਪੇਸ਼ ਕਰਨ ਦਾ ਸ਼ਡਿਊਲ (ਆਨਲਾਈਨ)	ਤਕਨੀਕੀ ਬੋਲੀ ਖੁੱਲ੍ਹਣੀ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ-ਐੱਸ. ਡਬਲਯੂ. ਐੱਮ. ਡਵੀਜ਼ਨ		
1.	ਚੰਡੀਗੜ੍ਹ ਵਿਖੇ ਮੌਜੂਦਾ 200 ਟੀ. ਪੀ. ਡੀ. ਡ੍ਰਾਈ ਵੇਸਟ ਪਲਾਂਟ 'ਚ ਡ੍ਰਾਈ ਵੇਸਟ ਤੇ ਮਿਕਸਡ ਵੇਸਟ ਦੀ ਪ੍ਰੋਸੈਸਿੰਗ ਲਈ ਏਜੰਸੀ ਦੀ ਚੋਣ ਵਾਸਤੇ ਆਰ. ਐੱਫ. ਪੀ.। ਅੰਦਾਜ਼ਨ ਰਕਮ : ਏਜੰਸੀ ਵੱਲੋਂ ਕੋਟ ਕੀਤੀ ਜਾਵੇਗੀ ਈ. ਐੱਮ. ਡੀ. : 2,00,000 ਰੁਪਏ ਸਮਾਂ-ਹੱਦ : 12 ਸਾਲ ਫੀਸ : 5,000 ਰੁਪਏ	02.10.2026 ਸਵੇਰੇ 9 ਵਜੇ ਤੋਂ 19.10.2026 ਬਾ. ਦੁ. 1 ਵਜੇ	19.10.2026 ਬਾ. ਦੁ. 1.30 ਵਜੇ

ਨੋਟ : (1) ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਸਮੇਤ ਟੈਂਡਰ ਨੋਟਿਸ ਵੈੱਬਸਾਈਟ www.chandigarh.gov.in ਜਾਂ etenders.chd.nic.in 'ਤੇ ਮੁਹੱਈਆ/ਅਪਲੋਡ ਹੈ।

ਕਾਰਜਕਾਰੀ ਇੰਜੀਨੀਅਰ

ਐੱਸ. ਡਬਲਯੂ. ਐੱਮ. ਡਵੀਜ਼ਨ, ਕਮਰਾ ਨੰ. 612, 6ਵੀਂ ਮੰਜ਼ਿਲ, ਨਿਊ ਡੀਲਕਸ ਬਿਲਡਿੰਗ, ਐੱਮ. ਸੀ. ਸੈਕਟਰ-17, ਚੰਡੀਗੜ੍ਹ, ਈ-ਮੇਲ ਆਈ. ਡੀ. : mcc.swm2020@gmail.com

ਗਾਂਧੀ ਜੀ ਦੀ ਤਸਵੀਰ ਨੂੰ ਅਸ਼ਲੀਲ ਤਰੀਕੇ ਨਾਲ ਦਿਖਾਇਆ, ਔਰਤ ਗ੍ਰਿਫ਼ਤਾਰ

ਮੁਲਜ਼ਮ ਦੇ ਇੰਸਟਾਗ੍ਰਾਮ 'ਤੇ 10 ਲੱਖ ਫਾਲੋਅਰਜ਼

ਸੂਰਤ, 5 ਅਕਤੂਬਰ (ਏਜੰਸੀ)-ਗੁਜਰਾਤ ਦੇ ਸੂਰਤ ਵਿਚ ਸਾਈਬਰ ਅਪਰਾਧ ਸ਼ਾਖਾ ਨੇ 47 ਸਾਲਾ ਇਕ ਔਰਤ ਨੂੰ ਮਹਾਤਮਾ ਗਾਂਧੀ ਦੀ ਤਸਵੀਰ ਵਾਲੇ 500 ਰੁਪਏ ਦੇ ਨੋਟ ਨਾਲ ਸਬੰਧਤ ਇਤਰਾਜ਼ਯੋਗ ਰੀਲ ਪੋਸਟ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਇਕ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਸਾਈਬਰ ਅਪਰਾਧ ਸ਼ਾਖਾ ਵੱਲੋਂ ਜਾਰੀ ਪ੍ਰੈੱਸ ਬਿਆਨ ਵਿਚ ਮੁਲਜ਼ਮ ਔਰਤ ਦੀ ਪਛਾਣ ਸਿਮਰਨ ਪਟੇਲ ਵਜੋਂ ਕੀਤੀ ਗਈ ਹੈ। ਉਹ ਘਰੇਲੂ ਔਰਤ ਹੈ ਅਤੇ ਸੂਰਤ ਦੇ ਅਡਾਜਨ ਇਲਾਕੇ ਦੀ ਰਹਿਣ ਵਾਲੀ ਹੈ। ਪੁਲਸ ਨੇ ਉਸ ਨੂੰ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 67 ਤਹਿਤ ਗ੍ਰਿਫ਼ਤਾਰ ਕੀਤਾ ਹੈ।

ਪੁਲਸ ਅਨੁਸਾਰ, ਉਸ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਲੱਗਭਗ 10 ਲੱਖ ਫਾਲੋਅਰਜ਼ ਹਨ। ਪ੍ਰੈੱਸ ਬਿਆਨ ਵਿਚ ਕਿਹਾ ਗਿਆ ਕਿ ਇਕ ਅਕਤੂਬਰ ਨੂੰ ਪਟੇਲ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇਕ ਰੀਲ ਅਪਲੋਡ ਕੀਤੀ, ਜਿਸ ਵਿਚ 500 ਰੁਪਏ ਦੇ ਨੋਟ 'ਤੇ ਗਾਂਧੀ ਜੀ ਦੀ ਤਸਵੀਰ ਨੂੰ ਅਸ਼ਲੀਲ ਤਰੀਕੇ ਨਾਲ ਦਿਖਾਇਆ ਗਿਆ ਸੀ। ਇਸ ਵਿਚ ਇਤਰਾਜ਼ਯੋਗ ਅਤੇ ਅਪਮਾਨਜਨਕ ਟਿੱਪਣੀਆਂ ਦੇ ਨਾਲ ਜਿਨਸੀ ਸੰਦਰਭ ਵਾਲੇ ਇਸ਼ਾਰੇ ਵੀ ਕੀਤੇ ਗਏ ਸਨ। ਬਾਅਦ ਵਿਚ ਉਸ ਨੇ ਇਸ ਵੀਡੀਓ ਨੂੰ ਇੰਸਟਾਗ੍ਰਾਮ 'ਤੇ ਸਾਂਝਾ ਕੀਤਾ, ਜਿਸ ਤੋਂ ਬਾਅਦ ਇਕ ਨਾਗਰਿਕ ਨੇ ਪੁਲਸ ਨੂੰ ਸ਼ਿਕਾਇਤ ਕੀਤੀ।

ਬ੍ਰਿਟੇਨ : ਭਾਰਤੀ ਰੈਸਟੋਰੈਂਟ 'ਚ ਅੱਗ ਲਾਉਣ ਦੇ ਮਾਮਲੇ ਵਿਚ 2 ਨਾਬਾਲਗਾਂ ਨੂੰ ਜੇਲ

ਲੰਡਨ, 5 ਅਕਤੂਬਰ (ਏਜੰਸੀ)-ਪੂਰਬੀ ਲੰਡਨ ਦੇ ਇਕ ਭਾਰਤੀ ਰੈਸਟੋਰੈਂਟ ਵਿਚ ਅੱਗ ਲਾਉਣ ਦੇ ਮਾਮਲੇ 'ਚ 17 ਸਾਲਾ 2 ਨਾਬਾਲਗਾਂ ਨੂੰ 10-10 ਸਾਲ ਜੇਲ ਦੀ ਸਜ਼ਾ ਸੁਣਾਈ ਗਈ। ਇਸ ਘਟਨਾ ਵਿਚ ਰੈਸਟੋਰੈਂਟ ਵਿਚ ਖਾਣਾ ਖਾ ਰਹੇ ਲੋਕ ਗੰਭੀਰ ਰੂਪ ਵਿਚ ਝੁਲਸ ਗਏ ਸਨ। ਲੰਡਨ ਦੀ ਓਲਡ ਬੈਲੀ ਅਦਾਲਤ ਨੂੰ ਪਿਛਲੇ ਹਫ਼ਤੇ ਦੱਸਿਆ ਗਿਆ ਕਿ ਅਗਸਤ 2025 ਵਿਚ ਇਹ ਦੋਵੇਂ ਨਾਬਾਲਗ ਚਾਕੂ ਲੈ ਕੇ ਗੈਂਟਸ ਹਿਲ ਸਥਿਤ 'ਇੰਡੀਅਨ ਅਰੋਮਾ' ਰੈਸਟੋਰੈਂਟ ਵਿਚ ਵੜੇ ਅਤੇ ਉਨ੍ਹਾਂ ਨੇ ਦਰਵਾਜ਼ੇ ਬੰਦ ਕਰ ਦਿੱਤੇ, ਜਦਕਿ ਤੀਜੇ ਵਿਅਕਤੀ ਨੇ ਰੈਸਟੋਰੈਂਟ ਦੇ ਅੰਦਰ ਈਂਧਨ ਛਿੜਕ ਕੇ ਅੱਗ ਲਾ ਦਿੱਤੀ।

ਜਸਟਿਸ ਮਾਈਕਲ ਗ੍ਰੀਵ ਨੇ ਸ਼ੁੱਕਰਵਾਰ ਨੂੰ ਸਜ਼ਾ ਸੁਣਾਉਂਦੇ ਹੋਏ ਦੋਵਾਂ ਨਾਬਾਲਗਾਂ ਨੂੰ ਕਿਹਾ, "ਤੁਸੀਂ ਦੋਵੇਂ ਇਸ ਗੱਲ ਤੋਂ ਪੂਰੀ ਤਰ੍ਹਾਂ ਜਾਣੂ ਸੀ ਕਿ ਇਸ ਦਾ ਨਤੀਜਾ ਗੰਭੀਰ ਹੋ ਸਕਦਾ ਹੈ ਅਤੇ ਲੋਕਾਂ ਦੀ ਮੌਤ ਵੀ ਹੋ ਸਕਦੀ ਸੀ।" ਜਸਟਿਸ ਗ੍ਰੀਵ ਨੇ ਨਾਬਾਲਗਾਂ 'ਤੇ 'ਬੇਰਹਿਮੀ ਨਾਲ' ਹਮਲਾ ਕਰਨ ਦਾ ਦੋਸ਼ ਲਾਇਆ। ਨਾਬਾਲਗ ਹੋਣ ਕਾਰਨ ਦੋਵਾਂ ਦੋਸ਼ੀਆਂ ਦੇ ਨਾਂ ਨਹੀਂ ਦੱਸੇ ਗਏ। ਅਦਾਲਤ ਨੇ ਦੋਵਾਂ ਨੂੰ 10 ਸਾਲ ਦੀ ਹਿਰਾਸਤ ਅਤੇ ਉਸ ਤੋਂ ਬਾਅਦ ਸਖ਼ਤ ਨਿਗਰਾਨੀ ਵਾਲੀਆਂ ਸ਼ਰਤਾਂ ਤਹਿਤ ਤਿੰਨ ਸਾਲ ਦੀ ਵਧਾਈ ਗਈ ਮਿਆਦ ਦੀ ਸਜ਼ਾ ਸੁਣਾਈ।

ਪੰਜਾਬ ਨੈਸ਼ਨਲ ਬੈਂਕ punjab national bank ...Together for the better

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ ਲੁਧਿਆਣਾ, ਪਹਿਲੀ ਮੰਜ਼ਿਲ, ਸਾਈਟ ਨੰ. 5, ਨੇੜੇ ਵੇਵ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ, ਈ-ਮੇਲ : cs4540@pnb.bank.in, ਮੋਬ. : 0161-2888181, 2888182

ਅਡੈਂਡਮ

ਇਹ ਈ-ਨਿਲਾਮੀ ਨੋਟਿਸਾਂ ਦੇ ਸਬੰਧ ਵਿਚ ਹੈ ਜੋ ਕਿ ਅਖ਼ਬਾਰਾਂ 'ਇੰਡੀਅਨ ਐਕਸਪ੍ਰੈੱਸ', 'ਜਗ ਬਾਣੀ', 'ਫਾਇਨਾਂਸ਼ੀਅਲ ਐਕਸਪ੍ਰੈੱਸ' ਤੇ 'ਜਨਸੱਤਾ' ਮਿਤੀ 25.09.2026 ਵਿਚ ਐੱਨ. ਪੀ. ਏ. ਖਾਤੇ-ਮੈਸਰਜ਼ ਜੇ. ਵੀ. ਸਟੀਲ ਟ੍ਰੇਡਰਜ਼ ਦੇ ਸਬੰਧ ਵਿਚ ਮਿਤੀ 03.11.2026 ਨੂੰ ਹੋਣ ਵਾਲੀ ਨਿਲਾਮੀ ਬਾਰੇ ਪ੍ਰਕਾਸ਼ਿਤ ਕੀਤੇ ਗਏ ਸਨ। ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ ਵਾਲੇ ਭਾਰਾਂ ਦੇ ਵੇਰਵਿਆਂ ਵਿਚ ਇਹ ਜੋੜਿਆ ਜਾ ਰਿਹਾ ਹੈ ਕਿ : ਐੱਸ. ਏ./405/2026 ਮਿਤੀ 29.09.2026 ਨੂੰ ਮਾਣਯੋਗ ਡੀ. ਆਰ. ਟੀ.-3 ਚੰਡੀਗੜ੍ਹ ਵਿਖੇ ਦਾਖ਼ਲ ਕੀਤਾ ਗਿਆ ਹੈ ਅਤੇ ਇਹ ਟ੍ਰਿਬਿਊਨਲ ਕੋਲ ਵਿਚਾਰ ਅਧੀਨ ਹੈ। ਇਹ ਨੋਟਿਸ ਕਰਜ਼ਦਾਰਾਂ/ ਗਾਰੰਟਰਾਂ/ ਮਾਰਟਗੇਜਰਾਂ ਤੇ ਸੰਭਾਵਤ ਬੋਲੀਕਾਰਾਂ ਦੀ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਮਿਤੀ : 05.10.2026 ਸਥਾਨ : ਲੁਧਿਆਣਾ — ਅਧਿਕਾਰਤ ਅਫ਼ਸਰ, ਪੰਜਾਬ ਨੈਸ਼ਨਲ ਬੈਂਕ

ਇੰਡੀਅਨ ਓਵਰਸੀਜ਼ ਬੈਂਕ 78, ਮੇਨ ਰੋਡ, ਬੰਗਾ-144505 ਈ-ਮੇਲ : iob2066@iob.in

ਕਬਜ਼ਾ ਨੋਟਿਸ (ਅਚੱਲ/ਚੱਲ ਜਾਇਦਾਦ ਲਈ) [(ਰੂਲ-8(1)]

ਜਿਵੇਂ ਕਿ ਇੰਡੀਅਨ ਓਵਰਸੀਜ਼ ਬੈਂਕ ਦੇ ਅਧਿਕਾਰਤ ਅਫ਼ਸਰ ਨੇ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟ੍ਰਸਟ ਐਕਟ, 2002 ਤਹਿਤ ਅਤੇ ਧਾਰਾ-13(12), ਜਿਸ ਨੂੰ ਸਕਿਓਰਟੀ ਇੰਟ੍ਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹਿਆ ਜਾਂਦਾ ਹੈ, ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ ਨੂੰ ਖਾਤੇ ਸਾਹਮਣੇ ਦੱਸੀਆਂ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰ ਕੇ ਰਕਮ ਨੋਟਿਸ (†) ਦੀ ਮਿਤੀ/ਦੱਸੇ ਨੋਟਿਸ (†) ਦੀ ਪ੍ਰਾਪਤੀ ਦੇ 60 ਦਿਨਾਂ ਅੰਦਰ ਚੁਕਾਉਣ ਦਾ ਸੱਦਾ ਦਿੱਤਾ ਸੀ।

ਕਰਜ਼ਦਾਰ ਰਕਮ ਚੁਕਾਉਣ ਵਿਚ ਅਸਫਲ ਰਹੇ ਹਨ। ਇਸ ਲਈ ਕਰਜ਼ਦਾਰਾਂ/ਗਾਰੰਟਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਬੰਧਤ ਅਧਿਕਾਰਤ ਅਫ਼ਸਰ ਨੇ ਦੱਸੇ ਐਕਟ ਦੀ ਧਾਰਾ-13(4), ਜਿਸ ਨੂੰ ਦੱਸੇ ਰੂਲਜ਼ ਦੇ ਰੂਲ 8 ਨਾਲ ਪੜ੍ਹਿਆ ਜਾਂਦਾ ਹੈ ਤਹਿਤ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ (†) ਦਾ ਸੰਕੇਤਕ ਕਬਜ਼ਾ ਖਾਤੇ ਸਾਹਮਣੇ ਦੱਸੀ ਮਿਤੀ ਨੂੰ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰ/ਗਾਰੰਟਰ ਅਤੇ ਆਮ ਜਨਤਾ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਜਾਇਦਾਦ/ਜਾਇਦਾਦਾਂ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਜਾਇਦਾਦ/ਜਾਇਦਾਦਾਂ ਨਾਲ ਕੋਈ ਵੀ ਸੌਦੇਬਾਜ਼ੀ ਕਰਨ 'ਤੇ ਰਕਮਾਂ+ਲਾਗੂ ਵਿਆਜ ਤੇ ਹੋਰ ਖਰਚਿਆਂ ਲਈ **ਇੰਡੀਅਨ ਓਵਰਸੀਜ਼ ਬੈਂਕ, ਬੰਗਾ ਬ੍ਰਾਂਚ, 78, ਮੇਨ ਰੋਡ, ਬੰਗਾ-144505** ਦਾ ਚਾਰਜ ਲੱਗੇਗਾ।

ਕਰਜ਼ਦਾਰਾਂ/ਗਾਰੰਟਰਾਂ ਦਾ ਧਿਆਨ ਸਕਿਓਰਡ ਅਸਾਸਿਆਂ ਨੂੰ ਛੁਡਾਉਣ ਲਈ ਉਨ੍ਹਾਂ ਨੂੰ ਮਿਲੇ ਸਮੇਂ ਸਬੰਧੀ ਐਕਟ ਦੀ ਧਾਰਾ-13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਪਤੇ ਸਮੇਤ ਕਰਜ਼ਦਾਰ, ਗਾਰੰਟਰ ਤੇ ਮਾਰਟਗੇਜਰ ਦਾ ਨਾਂ	ਅਚੱਲ/ਚੱਲ ਜਾਇਦਾਦਾਂ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਰਕਮ ਬਕਾਇਆ
ਸ਼੍ਰੀ ਅਵਿਨਾਸ਼ ਕੁਮਾਰ ਪੁੱਤਰ ਸ਼੍ਰੀ ਨਿਰਮਲ ਕੁਮਾਰ (ਕਰਜ਼ਦਾਰ ਤੇ ਮਾਰਟਗੇਜਰ), ਸ਼੍ਰੀਮਤੀ ਰਜਨੀ ਪਤਨੀ ਅਵਿਨਾਸ਼ ਕੁਮਾਰ (ਕਰਜ਼ਦਾਰ ਤੇ ਮਾਰਟਗੇਜਰ), ਸਾਰੇ ਵਾਸੀ :- ਮਕਾਨ ਨੰ. 1/160, ਸੋਤਰਾਂ ਰੋਡ, ਮੁਹੱਲਾ ਲਾਲਾਂ ਵਾਲਾ ਪੀਰ, ਬੰਗਾ, ਤਹਿਸੀਲ ਬੰਗਾ, ਜ਼ਿਲਾ ਐੱਸ. ਬੀ. ਐੱਸ. ਨਗਰ, ਪੰਜਾਬ-144505.	ਜਾਇਦਾਦ ਪੈਮਾਇਸ਼ 1 ਕਨਾਲ 0 ਮਰਲੇ, ਜੋ ਕਿ 5 ਕਨਾਲ 14 ਮਰਲੇ ਦੀ ਜ਼ਮੀਨ ਵਿਚੋਂ 10/57 ਹਿੱਸਾ ਹੈ, ਜੋ ਕਿ ਖਸਰਾ ਨੰਬਰ 2, ਮੁਰੱਬਾ ਨੰਬਰ 28, ਖੇਵਟ ਨੰਬਰ 739/669, ਖਤੌਨੀ ਨੰਬਰ 806 ਅਧੀਨ ਹੈ, ਜਿਵੇਂ ਕਿ ਪਿੰਡ ਗੁਣਾਚੌਰ/ਹੱਦਬਸਤ ਨੰਬਰ 91, ਤਹਿਸੀਲ ਬੰਗਾ, ਜ਼ਿਲਾ ਐੱਸ. ਬੀ. ਐੱਸ. ਨਗਰ ਦੀ ਸਾਲ 2017-18 ਦੀ ਜਮ੍ਹਾਬੰਦੀ ਵਿਚ ਦਰਜ ਹੈ। ਇਹ ਜਾਇਦਾਦ ਸ਼੍ਰੀ ਅਵਿਨਾਸ਼ ਕੁਮਾਰ ਪੁੱਤਰ ਸ਼੍ਰੀ ਨਿਰਮਲ ਕੁਮਾਰ ਵੱਲੋਂ ਰਜਿਸਟਰਡ ਸੇਲ ਡੀਡ (ਵਸੀਕਾ) ਨੰਬਰ 2023-24/112/1/1073 ਮਿਤੀ 26.10.2023 ਰਾਹੀਂ ਖਰੀਦੀ ਗਈ ਹੈ ਅਤੇ ਹਲਕਾ ਪਟਵਾਰੀ ਦੀ ਰਿਪੋਰਟ ਮਿਤੀ 21.12.2023 ਅਨੁਸਾਰ ਖਸਰਾ ਨੰਬਰ 28//2(5-14) ਹੈ, ਜੋ ਕਿ ਬੰਗਾ ਤੋਂ ਮੁਕੰਦਪੁਰ ਰੋਡ 'ਤੇ ਸਥਿਤ ਹੈ। ਹੱਦਬੰਦੀ (ਦਿਸ਼ਾ ਡੀਡ ਅਨੁਸਾਰ) : ਪੂਰਬ : ਲਿੰਕ ਰੋਡ, ਪੱਛਮ : ਰਸਤਾ, ਉੱਤਰ : ਵਾਹੀਯੋਗ ਰਕਬਾ, ਦੱਖਣ: ਨੌਗੱਜਾ ਪੀਰ ਪੂਜਾ ਸਥਾਨ।	06/07/2026	01/10/2026	17,63,321.70 ਰੁਪਏ ਮਿਤੀ 30.09.2026 ਨੂੰ ਕੰਟ੍ਰੈਕਟ ਰੇਟਸ 'ਤੇ ਅਗਲੇ ਵਿਆਜ ਸਮੇਤ ਭੁਗਤਾਨਯੋਗ ਅਤੇ ਬਕਾਏ, ਚਾਰਜਿਜ਼ ਆਦਿ ਭੁਗਤਾਨ ਦੀ ਮਿਤੀ ਤਕ।

ਮਿਤੀ : 01.10.2026 ਸਥਾਨ : ਬੰਗਾ ਸਹੀ/-ਅਧਿਕਾਰਤ ਅਫਸਰ-ਇੰਡੀਅਨ ਓਵਰਸੀਜ਼ ਬੈਂਕ